**ਭੁਗਤਾਨਯੋਗ ਬਿਮਾਰੀ ਦੀ ਛੁੱਟੀ ਅਤੇ ਕੋਰੋਨਾਵਾਇਰਸ (ਕੋਵਿਡ-19) ਦੇ ਬਾਰ ਸਵਾਲ**

1. **ਜੇਕਰ ਕੋਈ ਜਨਤਕ ਅਧਿਕਾਰੀ ਕੋਵਿਡ-19 ਦੇ ਸੰਬੰਧ ਵਿੱਚ ਆਪਣੇ ਕਾਰੋਬਾਰ ਦੀ ਜਗ੍ਹਾਂ ਨੂੰ ਬੰਦ ਕਰ ਦੇਵੇ, ਤਾਂ ਕੀ ਕਰਮਚਾਰੀ ਗੈਰਹਾਜ਼ਰੀ ਨੂੰ ਪੂਰਾ ਕਰਨ ਲਈ ਭੁਗਤਾਨਯੋਗ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰ ਸਕਦੇ ਹਨ? ਤਾਂ ਕੀ ਹੋਵੇਗਾ ਜੇਕਰ ਕੋਈ ਰੁਜ਼ਗਾਰਦਾਤਾ ਹਾਲੇ ਵੀ ਕੰਮ ਕਰ ਰਿਹਾ ਹੈ, ਪਰ ਗਵਰਨਰ ਦੇ ਆਦੇਸ਼ਾਂ ਦੇ ਕਰਕੇ ਕੰਮ ਕਰਨ 'ਤੇ ਪਾਬੰਦੀਆਂ ਹਨ?**
   ਜੇਕਰ ਹਾਲੇ ਵੀ ਰੋਜ਼ਗਾਰ ਵਿੱਚ ਹਨ, ਤਾਂ ਕਰਮਚਾਰੀ ਪ੍ਰਾਪਤ ਕੀਤੀ ਭੁਗਤਾਨਯੋਗ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰ ਸਕਦੇ ਹਨ। ਜੇਕਰ ਕੋਈ ਰੁਜ਼ਗਾਰਦਾਤਾ ਕਿਸੇ ਨੂੰ ਨੌਕਰੀ ਤੋਂ ਕੱਢ ਦਿੰਦਾ ਹੈ, ਤਾਂ ਕਰਮਚਾਰੀ ਬੇਰੁਜ਼ਗਾਰੀ ਦੇ ਲਾਭਾਂ ਲਈ ਅਰਜ਼ੀ ਦੇ ਸਕਦਾ ਹੈ।
2. **ਕਰਮਚਾਰੀਆਂ ਨੂੰ ਕਿਵੇਂ ਪਤਾ ਚੱਲੇਗਾ ਕਿ ਉਹ ਹਾਲੇ ਵੀ ਰੋਜ਼ਗਾਰ ਵਿੱਚ ਹਨ?**
   ਜੇਕਰ ਕੋਈ ਰੁਜ਼ਗਾਰਦਾਤਾ ਕਿਸੇ ਕਰਮਚਾਰੀ ਨੂੰ ਨੌਕਰੀ ਤੋਂ ਕੱਢ ਰਿਹਾ ਹੈ, ਤਾਂ ਉਸ ਵੱਲੋਂ ਕਰਮਚਾਰੀ ਨੂੰ ਲਾਜ਼ਮੀ ਤੌਰ 'ਤੇ ਦੱਸਿਆ ਜਾਣਾ ਚਾਹੀਦਾ ਹੈ। ਜੇਕਰ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਵੇ ਜਾਂ ਉਹਨਾਂ ਦੇ ਘੰਟਿਆਂ ਨੂੰ ਘਟਾ ਦਿੱਤਾ ਜਾਵੇ ਤਾਂ ਕਰਮਚਾਰੀ ਬੇਰੁਜ਼ਗਾਰੀ ਦੇ ਲਾਭਾਂ ਲਈ ਦਾਇਰ ਕਰ ਸਕਦੇ ਹਨ।
3. **ਜੇਕਰ ਕੋਈ ਸਕੂਲ ਜਾਂ ਕਰਮਚਾਰੀ ਦੇ ਬੱਚੇ ਦੀ ਦੇਖਭਾਲ ਦੀ ਜਗ੍ਹਾਂ ਸਿਹਤ ਚਿੰਤਾ ਦੇ ਲਈ ਅਸਥਾਈ ਤੌਰ 'ਤੇ ਬੰਦ ਹੋ ਜਾਂਦੀ ਹੈ, ਤਾਂ ਕੀ ਕਰਮਚਾਰੀ ਆਪਣੇ ਬੱਚੇ ਦੀ ਦੇਖਭਾਲ ਕਰਨ ਲਈ ਪ੍ਰਾਪਤ ਕੀਤੀ ਭੁਗਤਾਨਯੋਗ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰ ਸਕਦਾ ਹੈ?**
   ਹਾਂ।
4. **ਜੇਕਰ ਕਿਸੇ ਕਰਮਚਾਰੀ ਦੇ ਕਾਰੋਬਾਰ ਦੀ ਜਗ੍ਹਾਂ ਜਾਂ ਬੱਚੇ ਦਾ ਸਕੂਲ ਜਾਂ ਦੇਖਭਾਲ ਦੀ ਜਗ੍ਹਾਂ ਬੰਦ ਹੋ ਜਾਂਦੀ ਹੈ, ਤਾਂ ਕੀ ਰੁਜ਼ਗਾਰਦਾਤਾ ਬਿਮਾਰੀ ਦੀ ਛੁੱਟੀ ਨੂੰ ਅਸਵੀਕਾਰ ਕਰ ਸਕਦਾ ਹੈ ਅਤੇ ਉਸ ਦੀ ਥਾਂ 'ਤੇ ਸਟਾਫ ਲਈ ਘਰ ਤੋਂ ਕੰਮ ਕਰਨਾ ਜ਼ਰੂਰੀ ਕਰ ਸਕਦਾ ਹੈ?**
   ਨਹੀਂ।
5. **ਜੇ ਕੋਈ ਰੁਜ਼ਗਾਰਦਾਤਾ ਕੋਵਿਡ-19 ਦੇ ਸੰਪਰਕ ਵਿੱਚ ਆਉਣ ਦੇ ਜੋਖਮ ਨੂੰ ਘਟਾਉਣ ਲਈ ਆਪਣੇ ਕਾਰੋਬਾਰ ਦੀ ਥਾਂ ਨੂੰ ਅਸਥਾਈ ਤੌਰ 'ਤੇ ਬੰਦ ਕਰਨਾ ਚੁਣਦਾ ਹੈ, ਤਾਂ ਕੀ ਕੋਈ ਕਰਮਚਾਰੀ ਗੈਰਹਾਜ਼ਰੀ ਨੂੰ ਪੂਰਾ ਕਰਨ ਲਈ ਭੁਗਤਾਨਯੋਗ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰ ਸਕਦਾ ਹੈ?**
   ਜੇਕਰ ਕੋਈ ਕਾਰੋਬਾਰ ਕੋਵਿਡ-19 ਦੇ ਕਾਰਨ ਅਸਥਾਈ ਤੌਰ 'ਤੇ ਬੰਦ ਕਰਨ ਲਈ ਖੁਦ ਫੈਸਲਾ ਲੈਂਦਾ ਹੈ ਤਾਂ ਰੁਜ਼ਗਾਰਦਾਤਾ ਵੱਲੋਂ ਕਰਮਚਾਰੀਆਂ ਵੱਲੋਂ ਭੁਗਤਾਨਯੋਗ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰਾਉਣ ਦੀ ਜ਼ਰੂਰਤ ਨਹੀਂ ਹੈ। ਹਾਲਾਂਕਿ, ਕੋਈ ਰੁਜ਼ਗਾਰਦਾਤਾ ਇਸ ਸਥਿਤੀ ਵਿੱਚ ਭੁਗਤਾਨਯੋਗ ਬਿਮਾਰੀ ਦੀ ਛੁੱਟੀ ਦੀ ਵਰਤੋਂ ਦੀ ਇਜਾਜ਼ਤ ਦੇ ਸਕਦਾ ਹੈ।
6. **ਕੀ ਰੁਜ਼ਗਾਰਦਾਤਾ ਕਰਮਚਾਰੀਆਂ ਲਈ ਕੋਵਿਡ-19 ਦੇ ਸੰਭਾਵੀ ਸੰਪਰਕ ਵਿੱਚ ਆਉਣ ਦੇ ਕਾਰਨ ਕੰਮ ਨੂੰ ਛੱਡਣਾ ਜ਼ਰੂਰੀ ਕਰ ਸਕਦਾ ਹੈ?**
   ਕੋਈ ਰੁਜ਼ਗਾਰਦਾਤਾ ਕਰਮਚਾਰੀਆਂ ਲਈ ਕੰਮ ਨੂੰ ਛੱਡਣਾ ਜ਼ਰੂਰੀ ਕਰ ਸਕਦਾ ਹੈ। ਹਾਲਾਂਕਿ, ਰੁਜ਼ਗਾਰਦਾਤਾ ਕਰਮਚਾਰੀਆਂ ਲਈ ਇਸ ਗੈਰਹਾਜ਼ਰੀ ਨੂੰ ਪੂਰਾ ਕਰਨ ਲਈ ਭੁਗਤਾਨਯੋਗ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰਨਾ **ਜ਼ਰੂਰੀ ਨਹੀਂ ਕਰ ਸਕਦੇ**।
7. **ਕੀ ਕੋਈ ਕਰਮਚਾਰੀ, ਜਿਸ ਨੂੰ ਕੰਮ ਛੱਡਣ ਲਈ ਕਿਹਾ ਗਿਆ ਹੈ ਕਿਉਂਕਿ ਉਸ ਨੂੰ ਕੋਵਿਡ-19 ਹੋਣ ਦੀ ਸੰਭਾਵਨਾ ਹੈ, ਗੈਰਹਾਜ਼ਰ ਹੋਣ 'ਤੇ ਪ੍ਰਾਪਤ ਕੀਤੀ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰ ਸਕਦਾ ਹੈ?**
   ਕੋਈ ਕਰਮਚਾਰੀ ਪ੍ਰਾਪਤ ਕੀਤੀ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰ ਸਕਦਾ ਹੈ। ਹਾਲਾਂਕਿ, ਰੁਜ਼ਗਾਰਦਾਤਾ ਗੈਰਹਾਜ਼ਰੀ ਨੂੰ ਪੂਰਾ ਕਰਨ ਲਈ ਕਰਮਚਾਰੀਆਂ ਦੀ ਪ੍ਰਾਪਤ ਕੀਤੀ ਬਿਮਾਰੀ ਦੀ ਛੁੱਟੀ ਦੀ ਵਰਤੋਂ ਨੂੰ ਲਾਜ਼ਮੀ ਕਰਨ ਲਈ ਜ਼ੋਰ ਨਹੀਂ ਪਾ ਸਕਦਾ।

8. **ਕੀ ਕੋਈ ਕਰਮਚਾਰੀ ਬਿਮਾਰ ਮਹਿਸੂਸ ਕਰਨ 'ਤੇ ਜਾਂ ਫਿਰ ਕੋਵਿਡ-19 ਨਾਲ ਸੰਬੰਧਤ ਹੋਣ ਸਕਣ ਵਾਲੇ ਲੱਛਣ ਮਹਿਸੂਸ ਕਰਨ 'ਤੇ ਪ੍ਰਾਪਤ ਕੀਤੀ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰ ਸਕਦਾ ਹੈ?**
   ਕਰਮਚਾਰੀ ਕਿਸੇ ਵੀ ਸਰੀਰਕ ਬਿਮਾਰੀਆਂ, ਸੱਟਾਂ, ਜਾਂ ਸਿਹਤ ਸੰਬੰਧੀ ਹੋਰਨਾਂ ਸਮੱਸਿਆਵਾਂ ਦੇ ਲਈ ਪ੍ਰਾਪਤ ਕੀਤੀ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰ ਸਕਦੇ ਹਨ। ਉਹਨਾਂ ਪਰਿਵਾਰ ਦੇ ਉਹਨਾਂ ਮੈਂਬਰਾਂ ਦੀ ਦੇਖਭਾਲ ਕਰਨ ਲਈ ਵੀ ਪ੍ਰਾਪਤ ਕੀਤੀ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰ ਸਕਦੇ ਹਨ ਜਿੰਨ੍ਹਾਂ ਨੂੰ ਕੋਈ ਸਰੀਰਕ ਬਿਮਾਰੀ, ਸੱਟਾਂ, ਜਾਂ ਸਿਹਤ ਸੰਬੰਧੀ ਹੋਰ ਸਮੱਸਿਆਵਾਂ ਹੋਣ।
9. **ਕੀ ਕੋਈ ਕਰਮਚਾਰੀ ਕੋਵਿਡ-19 ਦੇ ਸੰਭਾਵੀ ਸੰਪਰਕ ਜਾਂ ਲੱਛਣਾਂ ਦੇ ਕਾਰਨ ਡਾਕਟਰ ਵੱਲੋਂ ਸਿਫਾਰਿਸ਼ ਕੀਤੇ ਜਾਣ 'ਤੇ ਪ੍ਰਾਪਤ ਕੀਤੀ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰ ਸਕਦਾ ਹੈ?**
   ਹਾਂ।
10. **ਕੀ ਕੋਈ ਕਰਮਚਾਰੀ ਕੋਵਿਡ-19 ਨਾਲ ਸੰਬੰਧਤ ਹੋ ਸਕਣ ਵਾਲੀ ਬਿਮਾਰੀ ਜਾਂ ਲੱਛਣਾਂ ਦੇ ਲਈ ਡਾਕਟਰੀ ਤਫਤੀਸ਼, ਦੇਖਭਾਲ, ਇਲਾਜ, ਜਾਂ ਰੋਕਥਾਮ ਸੰਬੰਧੀ ਡਾਕਟਰੀ ਦੇਖਭਾਲ ਦੀ ਭਾਲ ਕਰ ਰਹੇ ਹੋਣ 'ਤੇ ਪ੍ਰਾਪਤ ਕੀਤੀ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰ ਸਕਦੇ ਹਨ?**
    ਹਾਂ।
11. **ਜੇਕਰ ਕੋਈ ਰੁਜ਼ਗਾਰਦਾਤਾ ਭੁਗਤਾਨਯੋਗ ਟਾਈਮ ਆਫ (PTO) ਪ੍ਰੋਗਰਾਮ ਦੇ ਹਿੱਸੇ ਵਜੋਂ ਭੁਗਤਾਨਯੋਗ ਬਿਮਾਰੀ ਦੀ ਛੁੱਟੀ ਮੁਹੱਈਆ ਕਰਦੀ ਹੈ, ਤਾਂ ਕੀ ਕਰਮਚਾਰੀ PTO ਦੀ ਵਰਤੋਂ ਕੋਵਿਡ-19 ਦੇ ਸੰਬੰਧ ਵਿੱਚ ਕਰ ਸਕਦਾ ਹੈ?**
    ਹਾਂ।
12. **ਰੁਜ਼ਗਾਰਦਾਤਾ ਆਪਣੇ ਕਰਮਚਾਰੀਆਂ ਨੂੰ ਕੋਵਿਡ-19 ਦੇ ਨਤੀਜੇ ਨਾਲ ਖੁੰਝੇ ਜਾ ਸਕਣ ਵਾਲੇ ਵੇਤਨਾਂ ਨੂੰ ਪੂਰਾ ਕਰਨ ਲਈ ਭੁਗਤਾਨਯੋਗ ਬਿਮਾਰੀ ਦੀ ਵਾਧੂ ਛੁੱਟੀਆਂ ਕਿਵੇ ਦੇ ਸਕਦੇ ਹਨ?**
    - ਰੁਜ਼ਗਾਰਦਾਤਾ ਭੁਗਤਾਨਯੋਗ ਬਿਮਾਰੀ ਦੀ ਛੁੱਟੀ ਦੇ ਕਨੂੰਨਾਂ ਵੱਲੋਂ ਭੁਗਤਾਨਯੋਗ ਬਿਮਾਰੀ ਦੀ ਛੁੱਟੀ ਲਈ ਲੋੜੀਂਦੀ ਰਕਮ ਨਾਲੋਂ ਵੱਧ ਰਕਮ ਦੇ ਸਕਦੇ ਹਨ।
    - ਰੁਜ਼ਗਾਰਦਾਤਾ ਕਰਮਚਾਰੀਆਂ ਨੂੰ ਨਿਊਨਤਮ ਅਧਿਕਾਰਤ ਉਦੇਸ਼ਾਂ ਤੋਂ ਪਰੇ ਵਾਧੂ ਉਦੇਸ਼ਾਂ ਲਈ ਰੁਜ਼ਗਾਰਦਾਤਾ ਭੁਗਤਾਨਯੋਗ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰਨ ਲਈ ਇਜਾਜ਼ਤ ਦੇ ਸਕਦੇ ਹਨ।
    - ਰੁਜ਼ਗਾਰਦਾਤਾ ਕੋਵਿਡ-19 ਦੇ ਸੰਬੰਧ ਵਿੱਚ ਭੁਗਤਾਨਯੋਗ ਬਿਮਾਰੀ ਦੀ ਛੁੱਟੀ ਦੀ ਵਰਤੋਂ ਕਰਨ ਵਾਲੇ ਕਰਮਚਾਰੀਆਂ ਲਈ ਤਸਦੀਕ ਜ਼ਰੂਰਤਾਂ ਲਈ ਅਸਥਾਈ ਤੌਰ 'ਤੇ ਛੋਟ ਦੇਣ ਦੀ ਚੋਣ ਕਰ ਸਕਦੇ ਹਨ।
    - ਰੁਜ਼ਗਾਰਦਾਤਾ ਭੁਗਤਾਨਯੋਗ ਬਿਮਾਰੀ ਦੀ ਛੁੱਟੀ ਵੰਡਣ ਲਈ ਨਵੀਂ ਨੀਤੀਆਂ ਵਿਕਸਤ ਅਤੇ ਲਾਗੂ ਕਰ ਸਕਦੇ ਹਨ।
    - ਰੁਜ਼ਗਾਰਦਾਤਾ ਕਰਮਚਾਰੀਆਂ ਨੂੰ ਵੇਤਨਾਂ 'ਤੇ ਪੇਸ਼ਗੀ ਦੀਆਂ ਰਕਮਆਂ ਦੇ ਸਕਦੇ ਹਨ, ਜਦ ਤੱਕ ਕਿ ਮੁੜ-ਭੁਗਤਾਨ ਦੀਆਂ ਸ਼ਰਤਾਂ ਲਾਗੂ ਹੋਣ ਯੋਗ ਕਟੌਤੀ ਨਿਯਮਾਂ ਦੀ ਪਾਲਣਾ ਕਰਦੀਆਂ ਹੋਣ।
    - ਰੁਜ਼ਗਾਰਦਾਤਾ ਛੁੱਟੀ ਦੀਆਂ ਸਾਂਝੀਆਂ ਨੀਤੀਆਂ ਸਥਾਪਿਤ ਕਰ ਸਕਦੇ ਹਨ। ਉਹ ਕਰਮਚਾਰੀਆਂ ਨੂੰ ਇਜਾਜ਼ਤ ਦੇ ਸਕਦੇ ਹਨ ਕਿ ਉਹ ਆਪਣੀਆਂ ਬਚੀਆਂ ਛੁੱਟੀਆਂ ਸਹਿਕਰਮੀਆਂ ਨੂੰ ਦਾਨ ਕਰ ਸਕਣ।